# ਕੈਨੇਡਾ ਵਾਸੀਆਂ ਲਈ ਸੁਰੱਖਿਅਤ ਭੋਜਨ ਅਧਿਨਿਯਮ
# (Safe Food for Canadians Regulations - SFCR)

## ਭਾਗ 6, ਡਿਵੀਜ਼ਨ 6 - ਤਾਜ਼ੇ ਫਲ ਅਤੇ ਸਬਜ਼ੀਆਂ

### ਉਪਡਿਵੀਜ਼ਨ C - ਭੋਜਨ ਅਤੇ ਸਬਜ਼ੀ ਸੰਬੰਧੀ ਵਿਵਾਦ ਨਿਪਟਾਰਾ ਕਾਰਪੋਰੇਸ਼ਨ
### (Fruit and Vegetable Dispute Resolution Corporation)
### ਵਿੱਚ ਮੈਂਬਰਸ਼ਿਪ ਲਈ ਨਿਯਾਮਕ ਲੋੜ

## ਫਾਰਮ ਮਾਰਕੀਟਾਂ ਵਿਕ੍ਰੇਤਾ ਅਤੇ ਹੋਰ ਸਿੱਧਾ ਉਪਭੋਗਤਾਵਾਂ ਨੂੰ

### ਪਰਿਭਾਸ਼ਾਵਾਂ

| | |
|---|---|
| **ਫਾਰਮ ਮਾਰਕੀਟਾਂ ਵਿਕ੍ਰੇਤਾ** | ਕੋਈ ਕਾਸ਼ਤਕਾਰ ਜਾਂ ਕੋਈ ਹੋਰ ਵਿਅਕਤੀ ਜੋ ਫਾਰਮ ਮਾਰਕੀਟ, ਮਾਰਕੀਟ ਸਟਾਲ ਜਾਂ ਸੜਕ ਦੇ ਕਿਨਾਰੇ ਸਟੈਂਡ 'ਤੇ ਸਿੱਧਾ ਉਪਭੋਗਤਾਵਾਂ ਨੂੰ ਵੇਚਦਾ ਹੈ। |
| **ਹੋਰ ਸਿੱਧਾ ਉਪਭੋਗਤਾਵਾਂ ਨੂੰ** | ਵਿਅਕਤੀ ਜੋ ਸਿੱਧਾ ਉਪਭੋਗਤਾਵਾਂ ਨੂੰ ਵੇਚਦੇ ਹਨ, ਜਾਂ ਵੇਚਦੇ ਅਤੇ ਪਹੁੰਚਾਉਂਦੇ ਹਨ ਜਾਂ ਸਿੱਧਾ ਉਪਭੋਗਤਾਵਾਂ ਨੂੰ ਵੇਚਣ ਅਤੇ/ਜਾਂ ਪਹੁੰਚਾਉਣ ਲਈ ਖਰੀਦਦੇ ਹਨ (ਉਦਾਹਰਨ ਲਈ: ਨੁੱਕਰ ਵਾਲਾ ਸਟੋਰ, ਵਿਸ਼ੇਸ਼ੱਗ ਸਟੋਰ, ਚੈਰਿਟੀਆਂ, ਕਲੱਬ, ਐਸੋਸਿਏਸ਼ਨਾਂ)। ਵਾਧੂ ਜਾਣਕਾਰੀ ਲਈ ਰਿਟੇਲ, ਭੋਜਨ ਸੇਵਾ ਅਤੇ ਰੈਸਟੋਰੈਂਟ ਲਈ ਸਵੈ-ਮੁਲਾਂਕਣ) ਦੇਖੋ। |
| **ਵਿਅਕਤੀ** | ਵਿਅਕਤੀ ਕੋਈ ਇਕੱਲਾ ਵਿਅਕਤੀ ਜਾਂ ਸੰਗਠਨ ਹੋ ਸਕਦਾ ਹੈ - ਜਿਸ ਵਿੱਚ ਐਸੋਸਿਏਸ਼ਨ, ਕੰਪਨੀ ਅਤੇ ਕਾਰਪੋਰੇਸ਼ਨ ਸ਼ਾਮਲ ਹਨ; ਹੋਰ ਮਾਨਤਾ ਪ੍ਰਾਪਤ ਕਾਨੂੰਨੀ ਇਕਾਈਆਂ ਸ਼ਾਮਲ ਹਨ ਜਿਵੇਂ ਕਿ LLC, ਭਾਈਵਾਲੀ, ਆਦਿ। |
| **ਪੈਦਾਵਾਰ** | ਫਲ ਅਤੇ/ਜਾਂ ਸਬਜ਼ੀਆਂ। |
| **ਇਕਹਿਰਾ ਦਿਨ** | ਇੱਕ ਦਿਨ ਦੇ ਅੰਦਰ। |
| **ਪਿਛਲੇ 12 ਮਹੀਨੇ** | ਉਸ ਦਿਨ ਤੋਂ ਪਿਛਲੇ 12 ਮਹੀਨੇ ਜਦੋਂ ਕੋਈ ਗਤੀਵਿਧੀ ਕੀਤੀ ਜਾਂਦੀ ਹੈ ਜਿਸਦੀ ਉਂਝ ਸੈਕਸ਼ਨ 122(2)(b) ਵਿੱਚ ਮਨਾਹੀ ਹੈ (ਮਤਲਬ ਕਿ: ਪਿਛਲੇ ਲੈਣ-ਦੇਣ ਦੀ ਮਿਤੀ)। |
| **ਚੈਰਿਟੀਆਂ, ਕਲੱਬ, ਸੋਸਾਇਟੀਆਂ, ਐਸੋਸਿਏਸ਼ਨਾਂ** | ਕੋਈ ਸੰਗਠਨ ਜੋ ਇੱਕ *ਰਜਿਸਟਰਡ ਚੈਰਿਟੀ ਹੈ* ਜਿਵੇਂ ਕਿ *ਇਨਕਮ ਟੈਕਸ ਕਾਨੂੰਨ* (Income Tax Act) ਦੇ ਉਪਖੰਡ 248(1) ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ ਜਾਂ ਕੋਈ ਕਲੱਬ, ਸੋਸਾਇਟੀ ਜਾਂ ਐਸੋਸਿਏਸ਼ਨ ਹੈ ਜਿਵੇਂ ਕਿ ਉਸ ਕਾਨੂੰਨ ਦੇ ਪੈਰਾ 149(1)(1) ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ। |

| ਸਵੈ-ਮੁਲਾਂਕਣ | ਛੋਟ | DRC ਮੈਂਬਰਸ਼ਿਪ ਦੀ ਲੋੜ ਹੁੰਦੀ ਹੈ |
|---|---|---|
| ਮੈਂ ਸਿਰਫ ਉਹਨਾਂ ਤਾਜ਼ੇ ਫਲਾਂ ਜਾਂ ਸਬਜ਼ੀਆਂ ਨੂੰ ਕਿਸੇ ਫਾਰਮ ਮਾਰਕੀਟ ਜਾਂ ਸੜਕ ਦੇ ਕਿਨਾਰੇ ਦੇ ਸਟੈਂਡ ਵਿਖੇ, ਅਤੇ ਨਾਲ ਹੀ ਕਿਸੇ ਹੋਰ ਸੂਬੇ ਅਤੇ/ਜਾਂ ਅੰਤਰਰਾਸ਼ਟਰੀ ਤੌਰ 'ਤੇ ਪੈਕ ਕਰਦਾ, ਸ਼ਿਪ ਕਰਦਾ ਅਤੇ ਵੇਚਦਾ ਹਾਂ ਜੋ **ਮੈਂ ਖੁਦ ਇੱਕ ਇਕੱਲੀ ਕਾਰੋਬਾਰੀ ਇਕਾਈ ਦੇ ਰੂਪ ਵਿੱਚ ਉਗਾਈਆਂ ਹਨ**। | ❍ | |
| ਮੈਂ ਤਾਜ਼ੇ ਫਲ ਜਾਂ ਸਬਜ਼ੀਆਂ ਉਗਾਉਂਦਾ ਹਾਂ ਜੋ **ਕਿਸੇ ਵੱਖਰੀ ਮਾਰਕਿਟਿੰਗ ਸ਼ਾਖਾ ਦੁਆਰਾ ਵੇਚੇ ਜਾਂਦੇ ਅਤੇ ਮਾਰਕੀਟ ਕੀਤੇ ਜਾਂਦੇ ਹਨ**, ਜਿਵੇਂ ਕਿ ਕੋਈ ਫਾਰਮ ਮਾਰਕੀਟ ਜਾਂ ਸੜਕ ਦੇ ਕਿਨਾਰੇ ਦਾ ਸਟੈਂਡ। | ❍ | |
| ਤਾਜ਼ੇ ਫਲਾਂ ਅਤੇ ਸਬਜ਼ੀਆਂ ਨੂੰ ਉਗਾਉਣ ਅਤੇ ਵੇਚਣ ਦੇ ਇਲਾਵਾ, **ਮੈਂ ਆਪਣੀ ਰਿਹਾਇਸ਼ ਵਾਲੇ ਸੂਬੇ ਦੇ ਅੰਦਰ ਵੇਚਣ ਲਈ ਆਪਣੇ ਸੂਬੇ ਦੇ ਅੰਦਰ ਦੂਜੇ ਵਿਅਕਤੀਆਂ ਤੋਂ ਤਾਜ਼ੇ ਫਲ ਅਤੇ ਸਬਜ਼ੀਆਂ ਖਰੀਦਦਾ ਹਾਂ**। | ❍ | |
| ਮੈਂ ਆਪਣੇ ਉਤਪਾਦਨ ਅਤੇ/ਜਾਂ ਵਿਕ੍ਰੇਤਾ ਦੀ ਵਿਕਰੀ ਨੂੰ ਪੂਰਾ ਕਰਨ ਲਈ**ਆਪਣੇ ਕਾਰੋਬਾਰ ਦੇ ਸਥਾਨ** ਜਾਂ ਫਾਰਮ ਮਾਰਕੀਟ/ਸਟਾਲ ਦੀ ਸਥਿਤੀ **ਤੋਂ ਕਿਸੇ ਵੱਖਰੇ ਸੂਬੇ ਵਿਚ ਸਥਿਤ ਹੋਰ ਉਤਪਾਦਕਾਂ ਤੋਂ ਪੈਦਾਵਾਰ ਖਰੀਦਦਾ ਹਾਂ।** | | ❍ |
| ਮੈਂ ਆਪਣੇ ਉਤਪਾਦਨ ਅਤੇ/ਜਾਂ ਵਿਕ੍ਰੇਤਾ ਦੀ ਵਿਕਰੀ ਨੂੰ ਪੂਰਾ ਕਰਨ ਲਈ**ਆਪਣੇ ਕਾਰੋਬਾਰ ਦੇ ਸਥਾਨ** ਜਾਂ ਫਾਰਮ ਮਾਰਕੀਟ/ਸਟਾਲ ਦੀ ਸਥਿਤੀ **ਤੋਂ ਕਿਸੇ ਵੱਖਰੇ ਸੂਬੇ ਵਿਚ ਵੇਚਣ ਲਈ ਆਪਣੇ ਸੂਬੇ ਵਿੱਚ ਸਥਿਤ ਦੂਜੇ ਉਤਪਾਦਕਾਂ ਤੋਂ ਪੈਦਾਵਾਰ ਖਰੀਦਦਾ ਹਾਂ।** | | ❍ |
| ਮੈਂ ਅਜਿਹਾ ਵਿਅਕਤੀ ਹਾਂ **ਜੋ ਤਾਜ਼ੇ ਫਲ ਜਾਂ ਸਬਜ਼ੀਆਂ ਸਿਰਫ ਸਿੱਧਾ ਉਪਭੋਗਤਾਵਾਂ ਨੂੰ ਵੇਚਦਾ ਹੈ ਅਤੇ ਮੈਂ ਉਹਨਾਂ ਤਾਜ਼ੇ ਫਲਾਂ ਅਤੇ ਸਬਜ਼ੀਆਂ ਲਈ $100,000 ਤੋਂ ਘੱਟ** ਦਾ ਭੁਗਤਾਨ ਕੀਤਾ ਹੈ ਜੋ ਮੈਂ ਪਿਛਲੇ 12 ਮਹੀਨਿਆਂ ਦੇ ਅੰਦਰ ਉਪਭੋਗਤਾਵਾਂ ਨੂੰ ਵੇਚੀਆਂ ਹਨ। | ❍ | |
| ਮੇਰੀ ਤਾਜ਼ੇ ਫਲਾਂ ਅਤੇ ਸਬਜ਼ੀਆਂ ਦੀ ਸਾਰੀ ਖਰੀਦ ਅਤੇ ਵਿਕਰੀ **ਮੇਰੀ ਰਿਹਾਇਸ਼ ਵਾਲੇ** ਜਾਂ ਕਾਰੋਬਾਰ ਦੇ ਸਥਾਨ ਵਾਲੇ **ਸੂਬੇ ਦੇ ਅੰਦਰ ਹੁੰਦੀ ਹੈ।** | ❍ | |
| ਮੈਂ ਇੱਕ ਅਜਿਹਾ ਸੰਗਠਨ ਹਾਂ ਜੋ ਇੱਕ ***ਰਜਿਸਟਰਡ ਚੈਰਿਟੀ ਹੈਂ***ਜਿਵੇਂ ਕਿ *ਇਨਕਮ ਟੈਕਸ ਕਾਨੂੰਨ* (Income Tax Act) ਦੇ ਉਪਖੰਡ 248(1) ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ ਜਾਂ ਕੋਈ ਕਲੱਬ, ਸੋਸਾਇਟੀ ਜਾਂ ਐਸੋਸਿਏਸ਼ਨ ਹੈ ਜਿਵੇਂ ਕਿ ਉਸ ਕਾਨੂੰਨ ਦੇ ਪੈਰਾ 149(1)(1) ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ। | ❍ | |

| ਪ੍ਰਸ਼ਨ ਅਤੇ ਉੱਤਰ | | |
|---|---|---|
| **ਫਾਰਮ ਮਾਰਕੀਟ** | ਮੇਰਾ ਫਾਰਮ/ਉਤਪਾਦਨ ਇਕਾਈ ਮੇਰੀ ਮਾਰਕਿਟਿੰਗ ਇਕਾਈ ਤੋਂ ਇੱਕ ਵੱਖਰੀ ਕਾਨੂੰਨੀ ਇਕਾਈ ਹੈ।<br><br>ਮੇਰੇ ਫਾਰਮ ਦਾ ਉਤਪਾਦਨ ਮਾਰਕਿਟਿੰਗ ਇਕਾਈ ਨੂੰ ਵੇਚਿਆ ਜਾਂਦਾ ਹੈ। ਸਾਰੀਆਂ ਵਿਕਰੀਆਂ ਸੂਬੇ ਦੇ ਅੰਦਰ ਹੀ ਹਨ। | **ਦੋਵਾਂ ਵਿੱਚੋਂ ਕਿਸੇ ਵੀ ਇਕਾਈ ਦੇ ਦੁਆਰਾ** DRC ਮੈਂਬਰਸ਼ਿਪ **ਦੀ ਲੋੜ ਨਹੀਂ ਹੈ**; ਦੋਵਾਂ ਨੂੰ ਛੋਟ ਹੈ। |
| | ਮੇਰਾ ਫਾਰਮ/ਉਤਪਾਦਨ ਇਕਾਈ ਮੇਰੀ ਮਾਰਕਿਟਿੰਗ ਇਕਾਈ ਤੋਂ ਇੱਕ ਵੱਖਰੀ ਕਾਨੂੰਨੀ ਇਕਾਈ ਹੈ।<br><br>ਫਾਰਮ ਦਾ ਉਤਪਾਦਨ ਮਾਰਕਿਟਿੰਗ ਇਕਾਈ ਨੂੰ ਵੇਚਿਆ ਜਾਂਦਾ ਹੈ। ਵਿਕਰੀ ਸੂਬੇ ਦੇ ਅੰਦਰ ਅਤੇ ਨਾਲ ਹੀ ਦੂਜੇ ਸੂਬਿਆਂ ਅਤੇ/ਜਾਂ ਅੰਤਰਰਾਸ਼ਟਰੀ ਤੌਰ 'ਤੇ ਕੀਤੀ ਜਾਂਦੀ ਹੈ। ਮਾਰਕਿਟਿੰਗ ਇਕਾਈ ਦੂਜੇ ਕਿਸਾਨਾਂ ਤੋਂ ਉਤਪਾਦ ਨਹੀਂ ਖਰੀਦਦੀ ਹੈ। | ਫਾਰਮ/ਉਤਪਾਦਨ ਇਕਾਈ ਨੂੰ ਛੋਟ ਹੈ।<br><br>**ਮਾਰਕਿਟਿੰਗ ਇਕਾਈ ਨੂੰ** DRC **ਮੈਂਬਰਸ਼ਿਪ ਦੀ ਲੋੜ ਹੈ।** |
| | ਮੇਰਾ ਫਾਰਮ/ਉਤਪਾਦਨ ਇਕਾਈ ਮੇਰੀ ਮਾਰਕਿਟਿੰਗ ਇਕਾਈ ਤੋਂ ਇੱਕ ਵੱਖਰੀ ਕਾਨੂੰਨੀ ਇਕਾਈ ਹੈ।<br><br>ਫਾਰਮ ਦਾ ਉਤਪਾਦਨ ਮਾਰਕਿਟਿੰਗ ਇਕਾਈ ਨੂੰ ਵੇਚਿਆ ਜਾਂਦਾ ਹੈ। ਮਾਰਕਿਟਿੰਗ ਇਕਾਈ ਸੂਬੇ ਦੇ ਅੰਦਰ ਦੂਜੇ ਫਾਰਮਾਂ ਤੋਂ ਉਤਪਾਦ ਖਰੀਦਦੀ ਹੈ। ਸਾਰੀਆਂ ਵਿਕਰੀਆਂ ਸੂਬੇ ਦੇ ਅੰਦਰ ਹੀ ਹਨ। | DRC ਮੈਂਬਰਸ਼ਿਪ **ਦੀ ਲੋੜ ਨਹੀਂ ਹੈ ਕਿਸੇ ਵੀ ਇਕਾਈ ਦੁਆਰਾ**। |
| | ਮੇਰਾ ਫਾਰਮ/ਉਤਪਾਦਨ ਇਕਾਈ ਮੇਰੀ ਮਾਰਕਿਟਿੰਗ ਇਕਾਈ ਤੋਂ ਇੱਕ ਵੱਖਰੀ ਕਾਨੂੰਨੀ ਇਕਾਈ ਹੈ।<br>ਫਾਰਮ ਦਾ ਉਤਪਾਦਨ ਮਾਰਕਿਟਿੰਗ ਇਕਾਈ ਨੂੰ ਵੇਚਿਆ ਜਾਂਦਾ ਹੈ।<br><br>ਮਾਰਕਿਟਿੰਗ ਇਕਾਈ ਦੂਜੇ ਫਾਰਮਾਂ ਤੋਂ ਉਤਪਾਦ ਖਰੀਦਦੀ ਹੈ। ਵਿਕਰੀ ਸੂਬੇ ਦੇ ਅੰਦਰ ਅਤੇ ਨਾਲ ਹੀ ਦੂਜੇ ਸੂਬਿਆਂ ਅਤੇ/ਜਾਂ ਅੰਤਰਰਾਸ਼ਟਰੀ ਤੌਰ 'ਤੇ ਕੀਤੀ ਜਾਂਦੀ ਹੈ। | **ਫਾਰਮ ਇਕਾਈ ਨੂੰ** DRC ਮੈਂਬਰਸ਼ਿਪ **ਦੀ ਲੋੜ ਨਹੀਂ ਹੈ।**<br><br>**ਮਾਰਕਿਟਿੰਗ ਇਕਾਈ** ਨੂੰ DRC ਮੈਂਬਰਸ਼ਿਪ **ਦੀ ਲੋੜ ਹੈ।** |

## ਹੋਰ ਜਾਣਕਾਰੀ ਚਾਹੀਦੀ ਹੈ? DRC ਮਦਦ ਡੈਸਕ


☎ (+1) 613 234 0982
info@fvdrc.com
(+1) 613 234 8036
fvdrc.com
Building 75, Central Experimental Farm
960 Carling Avenue
Ottawa, ON K1A 0C6


**ਭੋਜਨ ਦੀ ਸੁਰੱਖਿਆ ਅਤੇ ਪਤਾ ਲਗਾਉਣ ਦੀ ਯੋਗਤਾ (ਟ੍ਰੇਸੇਬਿਲਿਟੀ) ਨਾਲ ਸੰਬੰਧਿਤ ਪ੍ਰਸ਼ਨ ਇਹਨਾਂ ਕੋਲ ਭੇਜੇ ਜਾਣੇ ਚਾਹੀਦੇ ਹਨ:**

**ਕੈਨੇਡਾ ਦੀ ਭੋਜਨ ਦੀ ਜਾਂਚ-ਪੜਤਾਲ ਕਰਨ ਵਾਲੀ ਏਜੰਸੀ (CFIA)** — www.inspection.gc.ca

- ਕੈਨੇਡਾ ਵਾਸੀਆਂ ਲਈ ਸੁਰੱਖਿਅਤ ਭੋਜਨ ਬਾਰੇ ਕਾਨੂੰਨ (SFCA)
- ਕੈਨੇਡਾ ਵਾਸੀਆਂ ਲਈ ਸੁਰੱਖਿਅਤ ਭੋਜਨ ਅਧਿਨਿਯਮ (SFCR)

**CanadaGAP®** — info@canadagap.ca, (+1) 613 829 4711, www.canadagap.ca

- ਭੋਜਨ ਸੁਰੱਖਿਆ ਪ੍ਰੋਗਰਾਮ (Food Safety Program)


Growing Forward 2 | Cultivons l'avenir 2

This project has been funded through the Assurance Systems stream of the AgriMarketing program under Growing Forward 2, a federal-provincial-territorial initiative.

Ce projet est financé sous le volet Systèmes d'assurance du programme Agri-marketing de Cultivons l'avenir 2, une initiative fédérale-provinciale-territoriale.